Punjab Government Gazette

Published by Authority

No. 31] CHANDIGARH, FRIDAY, JULY 30, 2021 (SRAVANA 8, 1943 SAKA)

PART I

Punjab Government Notifications and Orders

ਪੰਜਾਬ ਸਰਕਾਰ

ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ

(ਸਿਹਤ-3 ਸ਼ਾਖਾ)

ਅਧਿਸੂਚਨਾ

ਮਿਤੀ 16 ਜੁਲਾਈ, 2021

ਨੰ:14/9/2010-3ਸਸ3/6742.-ਡਾ: ਤੇਜਿੰਦਰਪਾਲ ਸਿੰਘ, ਮੈਂਬਰ ਕੌਂਸਲ ਆਫ ਹੋਮਿਓਪੈਥਿਕ ਸਿਸਟਮ ਆਫ ਮੈਡੀਸਨ, ਪੰਜਾਬ, ਨੂੰ ਸਰਕਾਰ ਦੇ ਹੁਕਮ ਨੰ. 14/09/2010-3ਸਸ3/1707-13 ਮਿਤੀ 08.05.2017 ਰਾਹੀਂ ਬਤੌਰ ਚੇਅਰਮੈਨ, ਕੌਂਸਲ ਆਫ ਹੋਮਿਓਪੈਥਿਕ ਸਿਸਟਮ ਆਫ ਮੈਡੀਸਨ, ਪੰਜਾਬ ਦੇ ਅਹੁੱਦੇ ਤੇ ਮਿਤੀ 08.05.2017 ਤੋਂ ਅਗਲੇ 3 ਸਾਲ ਲਈ ਨਿਯੁਕਤ ਕੀਤਾ ਗਿਆ ਸੀ। ਇਸ ਉਪਰੰਤ ਸਰਕਾਰ ਦੇ ਹੁਕਮ ਨੰ. 14/09/2010-3ਸਸ3/1506-1511 ਮਿਤੀ 27.02.2020 ਰਾਹੀਂ ਬਤੌਰ ਚੇਅਰਮੈਨ ਕੌਂਸਲ ਆਫ ਹੋਮਿਓਪੈਥਿਕ ਸਿਸਟਮ ਆਫ ਮੈਡੀਸਨ, ਪੰਜਾਬ ਦੇ ਅਹੁਦੇ ਦੀ ਮਿਆਦ ਵਿੱਚ ਮਿਤੀ 07.052020 ਤੋਂ 06.05.2022 ਤੱਕ ਵਾਧਾ ਕੀਤਾ ਗਿਆ ਸੀ । ਪੰਜਾਬ ਦੇ ਰਾਜਪਾਲ ਪ੍ਰਸੰਨਤਾ ਪੂਰਵਕ ਪੰਜਾਬ ਹੋਮਿਓਪੈਥਿਕ ਪ੍ਰੈਕਟੀਸ਼ਨਰ ਐਕਟ, 1965 ਦੀ ਧਾਰਾ 3(4) ਤਹਿਤ ਡਾ: ਤੇਜਿੰਦਰਪਾਲ ਸਿੰਘ, ਚੇਅਰਮੈਨ, ਕੌਂਸਲ ਆਫ ਹੋਮਿਓਪੈਥਿਕ ਸਿਸਟਮ ਆਫ ਮੈਡੀਸਨ, ਪੰਜਾਬ ਦੀ ਆਸਾਮੀ ਤੇ ਮਿਤੀ 07.05.2022 ਤੋਂ 06.05.2024 ਤੱਕ 2 ਸਾਲ ਲਈ ਮਿਆਦ ਵਿੱਚ ਹੋਰ ਵਾਧਾ ਕਰਨ ਦੀ ਪ੍ਰਵਾਨਗੀ ਦਿੰਦੇ ਹਨ।

2. ਇਹ ਅਧਿਸੂਚਨਾ ਸਮਰੱਥ ਅਥਾਰਟੀ ਦੇ ਹੁਕਮਾਂ ਅਨੁਸਾਰ ਜਾਰੀ ਕੀਤੀ ਜਾਂਦੀ ਹੈ।

ਅਲੋਕ ਸ਼ੇਖਰ, ਆਈ.ਏ.ਐਸ.,
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਮੈਡੀਕਲ ਸਿੱਖਿਆ ਅਤੇ ਖੋਜ।

ਚੰਡੀਗੜ੍ਹ
ਮਿਤੀ 14 ਜੁਲਾਈ, 2021

2355/07-2021/Pb. Govt. Press, S.A.S. Nagar